**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ।**

**(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ-ਈ, ਐਸ.ਏ.ਐਸ. ਨਗਰ)**

**<u>ਪਬਲਿਕ ਨੋਟਿਸ</u>**

ਨੰ: 737424/1 ਮਿਤੀ 20.09.2024

1.0 ਸਿੱਖਿਆ ਵਿਭਾਗ ,ਪੰਜਾਬ ਵਿੱਚ ਈ.ਟੀ.ਟੀ.ਕਾਡਰ ਦੀਆਂ ਬਾਰਡਰ ਏਰੀਆ ਦੀਆਂ 1664 ਆਸਾਮੀਆਂ ਭਰਨ ਲਈ ਮਿਤੀ 06-03-2020 ਨੂੰ ਵਿਗਿਆਪਨ ਦਿੱਤਾ ਗਿਆ ਸੀ, ਇਸ ਵਿਗਿਆਪਨ ਵਿੱਚ 700 ਅਸਾਮੀਆਂ ਦਾ ਹੋਰ ਵਾਧਾ ਕਰਨ ਲਈ ਮਿਤੀ 23.06.2020 ਨੂੰ ਸੋਧ ਪੱਤਰ ਜਾਰੀ ਕੀਤਾ ਗਿਆ ਸੀ, ਜਿਸ ਮੁਤਾਬਿਕ ਪ੍ਰਕਾਸ਼ਿਤ ਕੀਤੀਆਂ ਅਸਾਮੀਆਂ ਦੀ ਕੁੱਲ ਗਿਣਤੀ 2364 (1664+700= 2364) ਸੀ। ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵਲੋਂ ਸਿਲੈਕਟ ਉਮੀਦਵਾਰਾਂ ਦੀ ਕੈਟਾਗਰੀ ਵਾਈਜ ਚੋਣ ਸੂਚੀ ਮਿਤੀ 25.07.2024 ਨੂੰ ਵੈਬਸਾਈਟ ਤੇ ਅਪਲੋਡ ਕੀਤੀ ਗਈ। ਇਸ ਸਿਲੈਕਸਨ ਲਿਸਟ ਵਿਚਲੇ ਯੋਗ ਉਮੀਦਵਾਰਾਂ ਨੂੰ ਬਾਰਡਰ ਏਰੀਆ ਦੇ 6 ਜਿਲਿਆਂ ਵਿੱਚ ਮੌਜੂਦ ਖਾਲੀ ਅਸਾਮੀਆਂ ਵਿਰੁੱਧ ਸਟੇਟ ਐਮ.ਆਈ.ਐਸ ਸੈੱਲ ਵਲੋਂ ਆਨਲਾਈਨ ਪ੍ਰਕਿਰਿਆ ਰਾਹੀਂ ਸਟੇਸਨ ਚੋਣ ਕਰਵਾਈ ਜਾਵੇਗੀ। ਸਟੇਸ਼ਨ ਚੋਣ ਦੇ ਮੰਤਵ ਲਈ ਪੋਰਟਲ ਮਿਤੀ 21.09.2024 ਤੋਂ 24.09.2024 ਤੱਕ ਖੁੱਲ੍ਹਾ ਰਹੇਗਾ।

2.0 ਯੋਗ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਸਡਿਊਲ ਅਨੁਸਾਰ ਸਟੇਸ਼ਨ ਚੋਣ ਕਰਨਾ ਯਕੀਨੀ ਬਣਾਇਆ ਜਾਵੇ। ਹਰੇਕ ਉਮੀਦਵਾਰ ਆਪਣੀ ਆਈ.ਡੀ. ਵਿੱਚ ਸ਼ੋਅ ਹੋ ਰਹੀ ਵੈਕੰਸੀ ਲਿਸਟ ਵਿੱਚੋਂ ਆਪਣੀ ਚੁਆਇਸ ਦੇ ਜਿੰਨੇ ਮਰਜੀ ਸਟੇਸ਼ਨਾਂ ਦੀ ਆਪਸ਼ਨ ਆਪਣੀ ਆਈ ਡੀ ਵਿੱਚ ਭਰ ਸਕਦੇ ਹਨ। ਇਹ ਪ੍ਰਕਿਰਿਆ ਸਮੁੱਚੇ ਰੂਪ ਵਿੱਚ ਆਨ-ਲਾਈਨ ਹੀ ਹੋਵੇਗੀ। ਜਿਹੜੇ ਯੋਗ ਉਮੀਦਵਾਰ ਸਟੇਸ਼ਨ ਚੋਣ ਨਹੀਂ ਕਰਨਗੇ, ਉਹਨਾਂ ਨੂੰ ਖਾਲੀ ਰਹਿੰਦੇ ਸਟੇਸ਼ਨਾਂ ਵਿੱਚੋਂ ਕੋਈ ਇੱਕ ਸਟੇਸ਼ਨ ਆਨਲਾਈਨ ਪ੍ਰਕਿਰਿਆ ਤਹਿਤ **MIS** ਵੱਲੋਂ ਅਲਾਟ ਕਰ ਦਿੱਤਾ ਜਾਵੇਗਾ, ਜਿਸਨੂੰ ਮੁੜ ਬਦਲਿਆ ਨਹੀਂ ਜਾਵੇਗਾ।

3.0 ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਉਮੀਦਵਾਰ ਵੱਲੋਂ ਸਟੇਸ਼ਨ ਚੋਣ ਲਈ ਆਪਣੇ ਚੁਣੇ ਗਏ ਸਟੇਸ਼ਨਾਂ ਦੀ ਅਲਾਟਮੈਂਟ, ਉਸ ਤੋਂ ਹਾਇਰ ਮੈਰਿਟ ਵਾਲੇ ਉਮੀਦਵਾਰ ਨੂੰ ਹੋ ਜਾਂਦੀ ਹੈ (ਭਾਵ ਉਸ ਵੱਲੋਂ ਚੁਣੇ ਗਏ ਸਾਰੇ ਸਟੇਸ਼ਨ ਹੋਰ ਉਮੀਦਵਾਰਾਂ ਨੂੰ ਅਲਾਟ ਹੋ ਚੁੱਕੇ ਹੋਣਗੇ) ਤਾਂ ਅਜਿਹੀ ਸੂਰਤ ਵਿੱਚ ਉਸਨੂੰ ਵੀ ਖਾਲੀ ਰਹਿੰਦੇ ਸਟੇਸ਼ਨਾ ਵਿੱਚੋਂ ਕੋਈ ਇੱਕ ਸਟੇਸ਼ਨ ਆਨਲਾਈਨ ਪ੍ਰਕ੍ਰਿਆ ਤਹਿਤ ਵਿਭਾਗ ਦੀ **MIS** ਸ਼ਾਖਾ ਵੱਲੋਂ ਅਲਾਟ ਹੋ ਜਾਵੇਗਾ।

4.0 ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਉਮੀਦਵਾਰ 6635 ਭਰਤੀ ਅਧੀਨ ਪਹਿਲਾਂ ਹੀ ਬਾਰਡਰ ਏਰੀਆ ਦੇ 6 ਜਿਲਿਆਂ ਵਿੱਚ ਨਿਯੁਕਤ ਅਤੇ ਬਤੌਰ ਈ.ਟੀ.ਟੀ ਟੀਚਰ ਕੰਮ ਕਰ ਰਹੇ ਹਨ, ਉਹ ਉਮੀਦਵਾਰ ਇਸ ਭਰਤੀ ਵਿੱਚ ਨਿਯੁਕਤੀ ਪੱਤਰ ਲੈਣ ਦੇ ਹੱਕਦਾਰ ਹੋਣਗੇ, ਪ੍ਰੰਤੂ ਉਹਨਾਂ ਦੀ ਨਿਯੁਕਤੀ ਦਾ ਸਥਾਨ ਉਹੀ ਰਹੇਗਾ ਜਿਸ ਤੇ ਉਹ ਮੌਜੂਦਾ ਸਮੇਂ ਵਿੱਚ ਕੰਮ ਕਰ ਰਹੇ ਹਨ।

20/9/24

ਸਹਾਇਕ ਡਾਇਰੈਕਟਰ (ਅਮਲਾ – 2)